Immigration and
Refugee Board of Canada

Commission de l'immigration
et du statut de réfugié du Canada

# ਹੱਕਦਾਰ ਲਈ ਮਹੱਤਵਪੂਰਨ ਹਿਦਾਇਤਾਂ

ਇਹ ਦਸਤਾਵੇਜ਼ ਤੁਹਾਨੂੰ ਮਹੱਤਵਪੂਰਨ ਸੂਚਨਾ ਪ੍ਰਦਾਨ ਕਰਦਾ ਹੈ *ਹਾਜ਼ਰੀ ਲਈ ਇਤਲਾਹ* ਬਾਰੇ ਤੁਹਾਨੂੰ ਮਿਲੀ ਜਦੋਂ ਤੁਸੀਂ ਰੈਫ਼ਿਊਜੀ ਰੱਖਿਆ ਲਈ ਦਾਵ੍ਹਾ ਕੀਤਾ। ਇਸ ਵਿੱਚ ਹੋਰ ਵੀ ਮਹੱਤਵਪੂਰਨ ਸੂਚਨਾ ਸ਼ਾਮਿਲ ਹੈ ਜਿਹਨੂੰ ਤੁਸੀਂ ਜ਼ਰੂਰ ਧਿਆਨ ਦੇਣਾ ਹੈ ਜਿਸ ਵਿੱਚ ਹੇਠ ਲਿਖੇ ਸ਼ਾਮਲ ਹਨ:

1. ਤੁਹਾਨੂੰ ਹੱਕ ਹੈ ਆਪਣੇ ਖ਼ਰਚੇ ਤੇ ਵਕੀਲ ਦੁਆਰਾ ਪ੍ਰਸਤੁਤ ਹੋਣ ਲਈ, ਪਰ ਚੁਣਿਆ ਵਕੀਲ ਤੁਹਾਡੀ ਪੇਸ਼ੀ ਦੀ ਨਿਸ਼ਚਿਤ ਕੀਤੀ ਤਾਰੀਖ਼ ਤੇ ਜ਼ਰੂਰ ਉਪਲਬਧ ਹੋਣਾ ਚਾਹੀਦਾ ਹੈ।
2. ਤੁਸੀਂ ਜ਼ਿੰਮੇਵਾਰ ਹੋ ਪ੍ਰਾਪਤ ਕਰਨ ਅਤੇ ਇੰਮੀਗ੍ਰੇਸ਼ਨ ਐਂਡ ਰੈਫ਼ਿਊਜੀ ਬੋਰਡ (IRB) ਆਫ਼ ਕੈਨੇਡਾ ਰੈਫ਼ਿਊਜੀ ਪ੍ਰੋਟੈਕਸ਼ਨ ਡਿਵੀਜ਼ਨ (RPD) ਨੂੰ ਪ੍ਰਦਾਨ ਕਰਨ ਲਈ ਕੋਈ ਕਾਗਜ਼ਾਤ ਜਿਹੜੇ ਤੁਹਾਡੇ ਰੱਖਿਆ ਦਾਵ੍ਹੇ ਦੀ ਪੁਸ਼ਟੀ ਕਰ ਸਕਦੇ ਹਨ। ਤੁਹਾਨੂੰ ਅਵੱਸ਼ ਹੁਣੇ ਇੰਤਜ਼ਾਮ ਕਰਨੇ ਚਾਹੀਦੇ ਹਨ ਬਿਨਾ ਦੇਰ ਕੀਤੇ ਇਹਨਾਂ ਸਮਰਥਕ ਕਾਗਜ਼ਾਤ ਨੂੰ ਪ੍ਰਾਪਤ ਕਰ ਲਈ।


## ਤੁਹਾਡੀ ਪੇਸ਼ੀ ਲਈ *ਹਾਜ਼ਰ ਹੋਣ ਦੀ ਇਤਲਾਹ* ਬਾਰੇ

ਤੁਹਾਨੂੰ *ਹਾਜ਼ਰੀ ਲਈ ਇਤਲਾਹ* ਮਿਲ ਗਿਆ ਹੋਣਾ ਜਿਹਦੇ ਵਿੱਚ ਹੇਠਲੀਆਂ ਦੋ ਉਦਾਹਰਨਾਂ ਵਿੱਚੋਂ ਇੱਕ ਸ਼ਾਮਿਲ ਹੈ ਇਸ ਆਧਾਰ ਤੇ ਕਿ ਕੀ ਤੁਸੀਂ ਆਪਣਾ ਕੈਨੇਡਾ ਵਿੱਚ ਰੈਫ਼ਿਊਜੀ ਹੋਣ ਦਾ ਦਾਵ੍ਹਾ ਪ੍ਰਵੇਸ਼ ਪੱਤਣ ਤੇ ਕੀਤਾ ਜਾਂ ਦੇਸ਼ ਦੇ ਅੰਦਰ ਆ ਕੇ। ਸ਼ਨਾਖ਼ਤ ਕਰੋ ਕਿਹੜਾ *ਹਾਜ਼ਰੀ ਲਈ ਇਤਲਾਹ* ਤੁਹਾਨੂੰ ਮਿਲਿਆ। ਫਿਰ ਅਗਲੇ ਪੰਨੇ ਤੇ *ਜ਼ਰੂਰੀ ਤਰੀਕਾਂ* ਪੜ੍ਹੋ ਜੋ ਤੁਹਾਡੇ *ਹਾਜ਼ਰੀ ਲਈ ਇਤਲਾਹ* ਦੇ ਤਰੀਕੇ ਨਾਲ ਮੇਲ ਖਾਂਦਾ ਹੈ।

## ਰੈਫ਼ਿਊਜੀ ਦਾਵ੍ਹਾ ਜਿਸ ਥਾਂ ਤੇ ਕੀਤਾ

### ਪ੍ਰਵੇਸ਼ ਪੱਤਣ

(*ਲੈਂਡ ਬਾਰਡਰ ਕਰਾਸਿੰਗ, ਏਅਰਪੋਰਟ ਜਾਂ ਬੰਦਰਗਾਹ*)


NOTICE TO APPEAR FOR A HEARING
[Refugee Protection Division Rules, subsection 3(4)]

In the claim for refugee protection of:

Take notice that you must present yourself at:

\# 1 on ____________________, 20____ at __________ (am or pm) on floor ________


\# 2 Special Hearing date if you did not attend the hearing of your claim:

\# 3 Providing the *Basis of Claim Form*:

\# 4 Special Hearing date if the *Basis of Claim Form* is not received on time:

### ਦੇਸ਼ ਦੇ ਅੰਦਰ ਦਫ਼ਤਰ

*ਤੁਸੀ ਇਹ ਫ਼ਾਰਮ ਸਿਟੀਜ਼ਨਸ਼ਿਪ ਐਂਡ ਇੰਮੀਗ੍ਰੈਸ਼ਨ ਆਫ਼ੀਸਰ ਕੋਲੋਂ ਪ੍ਰਾਪਤ ਕਰੋਗੇ ਜਦੋਂ ਤੁਹਾਡਾ ਰੈਫ਼ਿਊਜੀ ਦਾਵ੍ਹਾ ਰੈਫ਼ਿਊਜੀ ਬੋਰਡ ਆਫ਼ ਕੈਨੇਡਾ ਦੇ ਰੈਫ਼ਿਊਜੀ ਪ੍ਰੋਟੈਕਸ਼ਨ ਡਿਵੀਜ਼ਨ (RPD) ਨੂੰ ਸੌਂਪਿਆ ਜਾਵੇਗਾ।*


NOTICE TO APPEAR FOR A HEARING

In the claim for refugee protection of:

Take notice that you must present yourself at:

\# 1 on ____________________, 20____ at __________ (am or pm) on floor ________

\# 2 Special Hearing date if you did not attend the hearing of your claim:

---

***Notice to claimant:*** An English version of these important instructions is included
***Avis au demandeur d'asile :*** Une version française de ces instructions importantes pour le demandeur d'asile est incluse
*給避難申請人的通知：* 內含繁體中文版的避難申請須知
***Értesítés az igénylő számára:*** Ezen fontos utasítás magyar változatát is tartalmazza
*난민신청자에 대한 통지* 이 중요한 설명의 한국어판이 포함되어 있음
*给避难申请人的通知 ：* 内含简体中文版的避难申请须知
***К сведению заявителя:*** Русскоязычная версия данных важных инструкций прилагается
***Xusuusin ku socota Qofka Dalabka Sameynaya:*** Waxaa la socda qoraalkan oo Af Soomaali ku tarjuman
***Aviso al solicitante de asilo:*** Se incluye una versión en español de estas instrucciones importantes
**உரிமைகோருபவருக்கான குறிப்பு**: இந்த முக்கிய வழிமுறைகளின் தமிழ் பதிப்பும் இணைக்கப்பட்டுள்ளது
**تنبيه إلى مقدم طلب اللجوء:** ستجد طيه النسخة العربية مرفقة بهذه التعليمات الهامة
**دعوے داروں کے لئے نوٹس:** ان اہم ہدایات کا اردو ترجمہ شامل کیا گیا ہے

.../2



Canada

# ਜ਼ਰੂਰੀ ਤਾਰੀਖ਼ਾਂ

## ਸਭ ਹਾਜ਼ਰ ਹੋਣ ਦੀਆਂ ਇਤਲਾਵਾਂ ਬਾਰੇ ਸੂਚਨਾ

1 - **ਤੁਹਾਡੇ ਰੈਫ਼ਿਯੂਜੀ ਰੱਖਿਆ ਦਾਵ੍ਹੇ ਪੇਸ਼ੀ ਦੀ ਤਾਰੀਖ਼**: ਇਹ ਤੁਹਾਡੀ **ਪਹਿਲੀ** ਤਾਰੀਖ ਹੈ ਤੁਹਾਡੇ *ਪੇਸ਼ੀ ਤੇ ਹਾਜ਼ਰ ਹੋਣ ਦੀ ਇਤਲਾਹ* ਉੱਤੇ। ਜੇ ਤੁਸੀਂ ਡਾਕਟਰੀ ਕਾਰਨਾਂ ਕਰਕੇ ਆਪਣੀ ਪੇਸ਼ੀ ਤੇ ਨਹੀਂ ਗਏ ਜਾਂ ਨਹੀਂ ਜਾ ਸਕਦੇ ਹੋ, ਕਿਰਪਾ ਕਰਕੇ ਹਿਦਾਇਤਾਂ ਲਈ *ਹੱਕਦਾਰ ਦੀ ਗਾਈਡ* ਦੇਖੋ।

- ਤੁਹਾਡੇ ਨਾਲ ਕੋਈ ਆ ਸਕਦਾ ਹੈ ਤੁਹਾਡੇ ਮਾਮਲੇ ਨੂੰ ਪੇਸ਼ ਕਰਨ ਵਿਚ ਤੁਹਾਡੀ ਮਦਦ ਲਈ। ਇਹ ਵਿਅਕਤੀ ਇਕ ਦੋਸਤ ਜਾਂ ਰਿਸ਼ਤੇਦਾਰ ਹੋ ਸਕਦਾ ਹੈ ਉਦਾਹਰਣ ਲਈ, ਪਰ ਉਹ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲੈ ਸਕਦੇ ਜਾਂ ਤੁਹਾਨੂੰ RPD ਪੇਸ਼ੀ ਤੇ ਪ੍ਰਸਤੁਤ ਕਰਨ ਲਈ ਕਿਸੀ ਹੋਰ ਕਿਸਮ ਦਾ ਮੁਆਵਜ਼ਾ ਨਹੀਂ ਮੰਗ ਸਕਦੇ। ਤੁਸੀਂ ਆਪਣੇ ਆਪ ਨੂੰ ਪ੍ਰਸਤੁਤ ਕਰਨ ਲਈ ਭਾੜੇ ਤੇ ਵਕੀਲ ਵੀ ਕਰ ਸਕਦੇ ਹੋ।
- ਫਿਰ ਵੀ, ਕੇਵਲ ਵਕੀਲ ਜਿਹੜਾ ਪ੍ਰੋਵਿੰਸ਼ੀਅਲ ਲਾਅ ਸੋਸਾਈਟੀ (ਲੌਯਰਜ਼ ਅਤੇ ਪੈਰਾਲੀਗਲ) ਦਾ ਮੈਂਬਰ ਚੰਗੀ ਸਥਿਤੀ ਵਿਚ ਹੋਵੇ, Chambre des notaires du Québec, ਜਾਂ ਕੈਨੇਡਾ ਰੈਗੁਲੇਟੋਰੀ ਕਾਉਂਸਲ ਦੇ ਇਮੀਗ੍ਰੇਸ਼ਨ ਕੰਸਲਟੈਂਟਸ ਵਿੱਚੋਂ ਫ਼ੀਸ ਲੈ ਕੇ ਤੁਹਾਨੂੰ RPD ਦੀ ਪੇਸ਼ੀ ਤੇ ਤੁਹਾਨੂੰ ਪ੍ਰਸਤੁਤ ਕਰ ਸਕਦਾ ਹੈ। ਜੇ ਤੁਸੀਂ ਵਕੀਲ ਕਰਦੇ ਹੋ, ਤੁਹਾਨੂੰ ਅਵੱਸ਼ ਆਪ ਉਹਦੀ ਫ਼ੀਸ ਦੇਣੀ ਹੋਵੇਗੀ।
- ਜੇ ਤੁਸੀ ਆਪਣੇ ਆਪ ਨੂੰ ਪ੍ਰਸਤੁਤ ਕਰਨ ਲਈ ਵਕੀਲ ਭਾੜੇ ਤੇ ਕਰਦੇ ਹੋ, ਤੁਹਾਨੂੰ ਇਹ ਤੁਰੰਤ ਕਰਨਾ ਚਾਹੀਦਾ ਹੈ। ਜੇ ਤੁਹਾਡੇ ਕੋਲ ਕਾਫ਼ੀ ਪੈਸੇ ਨਹੀਂ ਵਕੀਲ ਨੂੰ ਦੇਣ ਲਈ, ਤੁਸੀਂ ਆਪਣੇ ਪ੍ਰਾਂਤ ਦੇ ਲੀਗਲ ਏਡ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ ਇਹ ਲੱਭਣ ਲਈ ਕਿ ਕੀ ਮਦਦ, ਜੇ ਕੁਝ ਹੋਵੇ, ਉਪਲਬਧ ਹੈ। ਲੀਗਲ ਏਡ ਦੇ ਦਫ਼ਤਰਾਂ ਦੀ ਲਿਸਟ RPD ਦੇ ਹੱਕਦਾਰ ਦੇ ਝੋਲੇ (Claimant's Kit) ਵਿਚ ਸ਼ਾਮਿਲ ਹੈ ਜਿਹੜੀ ਤੁਹਾਨੂੰ ਮਿਲੀ ਹੈ।
- ਜੇ ਤੁਸੀਂ ਕਿਸੀ ਨੂੰ ਆਪਣੀ ਪੇਸ਼ੀ ਤੇ ਮਦਦ ਲਈ ਕਹਿੰਦੇ ਹੋ, ਉਹ ਜ਼ਰੂਰ ਉਸ ਤਾਰੀਖ਼ ਨੂੰ ਉਪਲਬਧ ਹੋਣੇ ਚਾਹੀਦੇ ਹਨ ਜਿਸ ਦਿਨ ਤੁਹਾਡੀ ਪੇਸ਼ੀ ਨਿਯਤ ਕੀਤੀ ਹੋਈ ਹੈ। ਜੇਕਰ ਤੁਸੀਂ ਵਕੀਲ ਕਰਦੇ ਹੋ ਅਤੇ ਆਪਣੀ ਪੇਸ਼ੀ ਦੀ ਤਾਰੀਖ਼ ਸੁਣਨ ਦੇ ਪੰਜ ਦਿਨਾਂ ਅੰਦਰ ਸਾਨੂੰ ਸੂਚਨਾ ਨਹੀਂ ਦਿੰਦੇ, RPD ਤਾਰੀਖ਼ **ਨਹੀਂ** ਬਦਲੇਗਾ ਕਿ ਵਕੀਲ ਦਾ ਲਿਹਾਜ ਕਰੇ ਜਿਹੜਾ ਮਿੱਥੀ ਤਾਰੀਖ਼ ਤੇ ਤੁਹਾਨੂੰ ਪ੍ਰਸਤੁਤ ਕਰਨ ਲਈ ਉਪਲਬਧ ਨਹੀਂ ਹੈ।

2 - **ਤੁਹਾਡੀ ਖ਼ਾਸ ਪੇਸ਼ੀ ਦੀ ਤਾਰੀਖ਼**: ਇਹ ਤੁਹਾਡੇ *ਹਾਜ਼ਰ ਹੋਣ ਦੀ ਇਤਲਾਹ* ਉੱਤੇ **ਦੂਜੀ** ਤਾਰੀਖ਼ ਹੈ।

- ਜੇ ਤੁਸੀਂ ਆਪਣੀ ਰੈਫ਼ਿਯੂਜੀ ਪ੍ਰੋਟੈਕਸ਼ਨ ਪੇਸ਼ੀ ਤੇ ਪਹਿਲੀ ਤਾਰੀਖ਼ ਨੂੰ ਨਹੀਂ ਗਏ, ਤਾਂ ਤੁਹਾਨੂੰ ਖ਼ਤਰਾ ਹੈ ਤੁਹਾਡਾ ਦਾਵ੍ਹਾ ਤਿਆਗਿਆ ਜਾ ਸਕਦਾ ਹੈ। ਤੁਹਾਨੂੰ ਅਵੱਸ਼ ਇਸ ਸਪੈਸ਼ਲ ਪੇਸ਼ੀ ਤੇ ਜਾਣਾ ਚਾਹੀਦਾ ਹੈ।
- ਤੁਹਾਡੀ ਸਪੈਸ਼ਲ ਪੇਸ਼ੀ ਤੇ ਤੁਹਾਨੂੰ ਸਪਸ਼ਟ ਦੱਸਣਾ ਪਵੇਗਾ ਕਿ ਤੁਸੀਂ ਆਪਣੀ ਰੈਫ਼ਿਯੂਜੀ ਪ੍ਰੋਟੈਕਸ਼ਨ ਕਲੇਮ ਪੇਸ਼ੀ ਤੇ ਕਿਉਂ ਨਹੀਂ ਗਏ।
- ਜੇ RPD ਤੁਹਾਡਾ ਸਪਸ਼ਟੀਕਰਨ ਸਵੀਕਾਰ ਨਹੀਂ ਕਰਦੇ ਤੁਹਾਡਾ ਦਾਵ੍ਹਾ ਤਿਆਗਿਆ ਘੋਸ਼ਿਤ ਕੀਤਾ ਜਾਵੇਗਾ।
- RPD ਤੁਹਾਡੇ ਦਾਵ੍ਹੇ ਨੂੰ ਤਿਆਗਿਆ ਘੋਸ਼ਿਤ ਕਰ ਸਕਦੇ ਹਨ ਤੁਹਾਨੂੰ ਦੁਬਾਰਾ ਸੰਪਰਕ ਕੀਤੇ ਬਿਨਾ ਜੇ ਤੁਸੀਂ ਆਪਣੀ ਪਹਿਲੀ ਸਪੈਸ਼ਲ ਪੇਸ਼ੀ ਤੇ ਨਹੀਂ ਜਾਂਦੇ।
- ਜੇ RPD ਤੁਹਾਡਾ ਦਾਵ੍ਹਾ ਤਿਆਗਿਆ ਘੋਸ਼ਿਤ ਕਰਦਾ ਹੈ ਤੁਹਾਨੂੰ ਆਪਣੇ ਦਾਵ੍ਹੇ ਨੂੰ ਜਾਰੀ ਰੱਖਣ ਜਾਂ ਭਵਿੱਖ ਵਿੱਚ ਹੋਰ ਦਾਵ੍ਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

**ਜੇ ਤੁਸੀਂ ਪ੍ਰਵੇਸ਼ ਦੇ ਪੱਤਣ ਤੇ ਰੈਫ਼ਿਯੂਜੀ ਪ੍ਰੋਟੈਕਸ਼ਨ ਦਾ ਦਾਵ੍ਹਾ ਕੀਤਾ (ਲੈਂਡ ਬਾਰਡਰ ਕਰਾਸਿੰਗ, ਏਅਰਪੋਰਟ ਜਾਂ ਬੰਦਰਗਾਹ), ਇੱਕ ਇੰਮੀਗ੍ਰੇਸ਼ਨ ਅਫ਼ਸਰ ਨੇ ਤੁਹਾਨੂੰ RPD ਝੋਲਾ ਦਿੱਤਾ ਹੈ।**

ਇਸ ਝੋਲੇ ਵਿੱਚ *ਦਾਵ੍ਹੇ ਦੇ ਫ਼ਾਰਮ* ਦਾ *ਮੂਲ-ਆਧਾਰ* ਅਤੇ ਹੋਰ ਕਾਗਜ਼ਾਤ ਤੁਸੀਂ ਪੇਸ਼ੀ ਦੀ ਤਾਰੀਖ਼ ਤੋਂ ਪਹਿਲਾਂ ਜਿਹੜੀ ਤੁਹਾਡੇ *ਹਾਜ਼ਰ ਹੋਣ ਦੀ ਇਤਲਾਹ* ਉੱਤੇ ਦਿਖਾਈ ਗਈ ਹੈ ਭਰਨੇ ਹਨ। ਜੇ ਤੁਹਾਨੂੰ ਮਿਲਿਆ *ਹਾਜ਼ਰ ਹੋਣ ਦੀ ਇਤਲਾਹ* ਪ੍ਰਵੇਸ਼ ਦੇ ਪੱਤਣ ਉਦਾਹਰਨ ਵਰਗਾ ਲੱਗਦਾ ਹੈ ਜਿਹੜਾ ਪਹਿਲੇ ਪੰਨੇ ਦੇ ਖੱਬੇ ਪਾਸੇ ਹੈ, ਤੁਹਾਨੂੰ ਜ਼ਰੂਰ ਦੋ ਵਧੇਰੀਆਂ ਮਹੱਤਵਪੂਰਨ ਤਾਰੀਖ਼ਾਂ ਨੂੰ ਪੂਰਾ ਕਰਨਾ ਪਵੇਗਾ RPD ਨੂੰ ਆਪਣਾ ਭਰਿਆ ਹੋਇਆ *ਦਾਵ੍ਹੇ ਦੇ ਫ਼ਾਰਮ* ਦਾ *ਮੂਲ-ਆਧਾਰ* ਭੇਜਣ ਬਾਰੇ। ਇਹ ਕਦਮ ਜ਼ਰੂਰ ਹੇਠਾਂ ਦਿੱਤੇ ਸਮੇਂ ਦੇ ਅੰਦਰ ਪੂਰੇ ਕੀਤੇ ਜਾਣੇ ਚਾਹੀਦੇ ਹਨ ਜਿਹੜੇ ਕਿ ਤੁਹਾਡੇ ਰੈਫ਼ਿਯੂਜੀ ਦਾਵ੍ਹੇ ਦੀ ਪੇਸ਼ੀ ਦੀ ਤਾਰੀਖ਼ ਤੋਂ **ਪਹਿਲਾਂ** ਹਨ।

3 - **ਤਾਰੀਖ਼ ਜਿਹਦੇ ਤੀਕ ਤੁਹਾਡੇ *ਦਾਵ੍ਹੇ ਦੇ ਫ਼ਾਰਮ* ਦਾ *ਮੂਲ-ਆਧਾਰ* ਰੈਫ਼ਿਯੂਜੀ ਪ੍ਰੋਟੈਕਸ਼ਨ ਡਿਵੀਜ਼ਨ (RPD) ਨੂੰ ਜ਼ਰੂਰ ਮਿਲਣੇ ਚਾਹੀਦੇ ਹਨ**: ਇਹ ਲੱਭਣ ਲਈ ਕਿ ਕਦੋਂ ਤੁਹਾਡਾ *ਦਾਵ੍ਹੇ ਦੇ ਫ਼ਾਰਮ* ਦਾ *ਮੂਲ-ਆਧਾਰ* ਦੇਣ ਯੋਗ ਹੈ, ਜਿਸ ਤਾਰੀਖ਼ ਤੋਂ ਤੁਹਾਨੂੰ ਇਹ ਮਿਲੇ ਹਨ ਉਸ ਤੋਂ 15 ਕਲੈਂਡਰ ਦਿਨ ਗਿਣੋ। ਜੇ ਇਹ ਤਾਰੀਖ਼ ਸਨੀਚਰਵਾਰ ਹੈ, ਐਤਵਾਰ` ਜਾਂ ਛੁੱਟੀ ਦਾ ਦਿਨ ਹੈ ਜਦ ਰੈਫ਼ਿਯੂਜੀ ਪ੍ਰੋਟੈਕਸ਼ਨ ਡਿਵੀਜ਼ਨ (RPD) ਦਫ਼ਤਰ ਬੰਦ ਹੁੰਦੇ ਹਨ, ਉਚਿਤ ਤਾਰੀਖ਼ ਅਗਲਾ ਕੰਮ ਦਾ ਦਿਨ ਹੈ।

- ਤੁਹਾਨੂੰ ਅਵੱਸ਼ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਤੁਹਾਡੇ ਸਾਰੇ ਕਾਗਜ਼ਾਤ ਜਿਹੜੇ ਤੁਹਾਡੇ ਦਾਵ੍ਹੇ ਦੀ ਪੁਸ਼ਟੀ ਕਰਦੇ ਹਨ ਸੰਮਿਲਿਤ ਹਨ। *ਦਾਵ੍ਹਾ ਕਰਨ ਵਾਲੇ ਦੀ ਗਾਈਡ* ਤੁਹਾਨੂੰ ਦੱਸਦੀ ਹੈ ਕਿਹੜੇ ਕਾਗਜ਼ਾਤ ਤੁਹਾਨੂੰ ਆਪਣੇ *ਦਾਵ੍ਹੇ ਦ ਫ਼ਾਰਮ ਦਾ ਮੂਲ-ਆਧਾਰ* ਵਿਚ ਸ਼ਾਮਿਲ ਕਰਨ ਦੀ ਜ਼ਰੂਰਤ ਹੈ।
- ਜੇ ਤੁਹਾਡੇ ਕੋਲ ਅਜੇ ਆਪਣੇ ਦਾਵ੍ਹੇ ਦੀ ਪੁਸ਼ਟੀ ਕਰਨ ਲਈ ਕਾਗਜ਼ਾਤ ਨਹੀਂ ਹਨ, ਤੁਹਾਨੂੰ ਹੁਣ ਇੰਤਜ਼ਾਮ ਕਰਨੇ ਚਾਹੀਦੇ ਹਨ ਬਿਨਾ ਦੇਰ ਉਹਨਾਂ ਨੂੰ ਪ੍ਰਾਪਤ ਕਰਨ ਲਈ।
- ਤੁਹਾਨੂੰ ਜਾਂ ਤਾਂ ਆਪਣੇ *ਦਾਵ੍ਹੇ ਦੇ ਫ਼ਾਰਮ* ਦਾ *ਮੂਲ-ਆਧਾਰ* ਨਿਜੀ ਤੌਰ ਤੇ RPD ਰਜਿਸਟ੍ਰੀ ਕੋਲ ਲਿਆਉਣੇ ਚਾਹੀਦੇ ਹਨ ਜਿੱਥੇ ਤੁਹਾਡੇ ਦਾਵ੍ਹੇ ਤੇ ਕਾਰਵਾਈ ਹੋ ਰਹੀ ਹੈ, ਜਾਂ ਆਪਣੇ ਕਾਗਜ਼ਾਤ ਨੂੰ ਫ਼ੈਕਸ ਕਰੋ ਜੇ 20 ਪੰਨਿਆਂ ਤੋਂ ਘੱਟ ਹਨ ਜਾਂ ਕੋਰੀਅਰ ਰਾਹੀਂ ਭੇਜੋ। ਐਡਰਸ ਅਤੇ ਫ਼ੈਕਸ ਨੰਬਰ *ਕਲੇਮੈਂਟਸ ਗਾਈਡ* ਵਿੱਚ ਪਾਏ ਜਾ ਸਕਦੇ ਹਨ।

4 - **ਤਾਰੀਖ਼ ਵਿਭਾਗ ਵਿੱਚ "ਸਪੈਸ਼ਲ ਪੇਸ਼ੀ ਦੀ ਤਾਰੀਖ਼ ਜੇ *ਦਾਵ੍ਹੇ ਦੇ ਫ਼ਾਰਮ* ਦਾ *ਮੂਲ-ਆਧਾਰ* ਸਮੇਂ ਤੇ ਨਹੀਂ ਮਿਲੇ"**: ਜੇ RPD ਤੁਹਾਡੇ *ਦਾਵ੍ਹੇ ਦੇ ਫ਼ਾਰਮ* ਦਾ *ਮੂਲ-ਆਧਾਰ* ਮਿੱਥੀ ਤਾਰੀਖ਼ ਤੀਕ ਪ੍ਰਾਪਤ ਨਹੀਂ ਕਰਦਾ (ਤੁਹਾਡੇ 15 ਦਿਨ ਪ੍ਰਾਪਤ ਕਰਨ ਦੀ ਤਾਰੀਖ਼ ਤੋਂ ਬਾਅਦ), ਤਾਂ ਤੁਹਾਨੂੰ ਜ਼ਰੂਰ ਇਸ ਸਪੈਸ਼ਲ ਪੇਸ਼ੀ ਤੇ ਜਾਣਾ ਚਾਹੀਦਾ ਹੈ।

- ਤੁਹਾਨੂੰ ਅਵੱਸ਼ 9 ਵਜੇ ਸਵੇਰੇ ਪੇਸ਼ੀ ਤੇ ਹੋਣਾ ਚਾਹੀਦਾ ਹੈ ਉਸ ਤਾਰੀਖ਼ ਅਤੇ ਥਾਂ ਤੇ ਜਿਹੜੇ ਤੁਹਾਡੇ *ਹਾਜ਼ਰ ਹੋਣ ਦੀ ਇਤਲਾਹ* ਤੇ ਦਿਖਾਏ ਗਏ ਹਨ।
- ਤੁਹਾਡੀ ਸਪੈਸ਼ਲ ਪੇਸ਼ੀ ਤੇ ਤੁਹਾਨੂੰ ਸਪਸ਼ਟ ਕਰਨ ਦੀ ਜ਼ਰੂਰਤ ਹੋਵੇਗੀ ਕਿ ਕਿਉਂ ਤੁਹਾਡਾ *ਦਾਵ੍ਹੇ ਦੇ ਫ਼ਾਰਮ* ਦਾ *ਮੂਲ-ਆਧਾਰ* RPD ਨੂੰ ਸਮੇਂ ਤੇ ਨਹੀਂ ਮਿਲਿਆ।
- ਜੇ ਤੁਸੀਂ ਸਪੈਸ਼ਲ ਪੇਸ਼ੀ ਤੇ ਨਹੀਂ ਗਏ, RPD ਤੁਹਾਨੂੰ ਬਿਨਾ ਸੰਪਰਕ ਕੀਤੇ ਤੁਹਾਡੇ ਦਾਵ੍ਹੇ ਨੂੰ ਤਿਆਗਿਆ ਘੋਸ਼ਿਤ ਕਰ ਸਕਦਾ ਹੈ।
- ਜੇ RPD ਤੁਹਾਡੇ ਦਾਵ੍ਹੇ ਨੂੰ ਤਿਆਗਿਆ ਘੋਸ਼ਿਤ ਕਰ ਦਿੰਦਾ ਹੈ, ਤੁਹਾਨੂੰ ਆਪਣੇ ਦਾਵ੍ਹੇ ਨੂੰ ਜਾਰੀ ਰੱਖਣ ਜਾਂ ਭਵਿੱਖ ਵਿਚ ਹੋਰ ਦਾਵ੍ਹਾ ਕਰਨ ਦੀ ਆਗਿਆ ਨਹੀਂ ਹੋਵੇਗੀ।

.../3

# ਹੋਰ ਮਹੱਤਵਪੂਰਨ ਸੂਚਨਾ

**ਤੁਹਾਡੇ ਸੰਪਰਕ ਦੀ ਸੂਚਨਾ:** ਜੇ ਤੁਸੀਂ ਆਪਣਾ ਕੈਨੇਡਾ ਦਾ ਐਡਰਸ ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਕੈਨੇਡਾ (CIC) ਜਾਂ ਕੈਨੇਡਾ ਬਾਰਡਰ ਸਰਵਿਸਜ਼ ਏਜੰਸੀ (CBSA) ਨੂੰ ਨਹੀਂ ਦਿੱਤਾ ਜਦੋਂ ਤੁਸੀਂ ਆਪਣਾ ਦਾਵ੍ਹਾ ਕੀਤਾ ਸੀ, ਤੁਹਾਨੂੰ ਇਹ ਜ਼ਰੂਰ RPD ਅਤੇ CIC ਜਾਂ CBSA ਨੂੰ ਦੇਣਾ ਚਾਹੀਦਾ ਹੈ (ਜਿਹਨੇ ਵੀ ਤੁਹਾਡਾ ਦਾਵ੍ਹਾ RPD ਘੱਲਿਆ) ਆਪਣੇ ਪੇਸ਼ੀ ਲਈ *ਹਾਜ਼ਰ ਹੋਣ ਦੀ ਇਤਲਾਹ* ਦੇ ਦਸ ਦਿਨਾਂ ਦੇ ਅੰਦਰ ਅੰਦਰ। ਤੁਹਾਨੂੰ ਜ਼ਰੂਰੀ RPD **ਅਤੇ** CIC ਜਾਂ CBSA ਨੂੰ ਵੀ ਤੁਰੰਤ ਲਿਖਤ ਰੂਪ ਵਿਚ ਦੱਸਣਾ ਚਾਹੀਦਾ ਹੈ ਜੇ ਤੁਹਾਡਾ ਐਡਰਸ ਜਾਂ ਟੈਲੀਫ਼ੋਨ ਨੰਬਰ ਬਦਲਦਾ ਹੈ। ਜੇ ਤੁਸੀਂ ਆਪਣੀ ਸੰਪਰਕ ਸੂਚਨਾ RPD ਸਮੇਂ ਸਿਰ ਨਹੀਂ ਦਿੰਦੇ, RPD ਤੁਹਾਨੂੰ ਸੰਪਰਕ ਨਹੀ ਕਰ ਸਕੇਗੀ ਅਤੇ ਤੁਹਾਡੇ ਦਾਵ੍ਹੇ ਨੂੰ ਤਿਆਗਿਆ ਘੋਸ਼ਿਤ ਕਰ ਸਕਦੀ ਹੈ।

**ਵਕੀਲ:** ਜੇ ਤੁਸੀਂ ਫ਼ੈਸਲਾ ਕਰਦੇ ਹੋ ਕਿ ਤੁਹਾਨੂੰ ਪੇਸ਼ੀ ਤੇ ਮਦਦ ਕਰਨ ਲਈ ਵਕੀਲ ਦੀ ਲੋੜ ਹ

- ਜੇ ਤੁਸੀਂ ਵਕੀਲ ਭਾੜੇ ਤੇ ਕਰਦੇ ਹੋ ਜਾਂ ਵਕੀਲ ਬਦਲਦੇ ਹੋ, ਤੁਹਾਨੂੰ ਤੁਰੰਤ RPD **ਅਤੇ** CIC ਜਾਂ CBSA (ਜਿਹਨੇ ਵੀ ਤੁਹਾਡਾ ਦਾਵ੍ਹਾ RPD ਨੂੰ ਘੱਲਿਆ ਹੈ) ਉਹਨਾਂ ਦੇ ਨਾਂ, ਐਡਰਸ, ਟੈਲੀਫ਼ੋਨ ਨੰਬਰ, ਫ਼ੈਕਸ ਨੰਬਰ ਅਤੇ ਈ ਮੇਲ ਐਡਰਸ, ਜੇ ਹੋਵੇ, ਲਿਖਤ ਰੂਪ ਵਿਚ ਭੇਜਣੇ ਚਾਹੀਦੇ ਹਨ। ਜੇ ਤੁਹਡਾ ਵਕੀਲ ਪ੍ਰੋਵਿੰਸ਼ੀਅਲ ਲਾਅ ਸੋਸਾਈਟੀ, Chambre des notaires du Québec, ਜਾਂ ਇੰਮੀਗ੍ਰੇਸ਼ਨ ਕੰਸਲਟੈਂਟਸ ਆਫ਼ ਕੈਨੇਡਾ ਰੈਗੁਲੇਟੋਰੀ ਕਾਊਂਸਲ ਦਾ ਮੈਂਬਰ ਹੈ, ਤੁਹਾਨੂੰ ਜ਼ਰੂਰ ਉਹਨਾਂ ਦੇ ਸੰਗਠਨ ਜਿਹਨਾਂ ਨਾਲ ਉਹ ਸੰਬੰਧਿਤ ਹਨ ਦੇ ਨਾਂ ਅਤੇ ਨਾਲ ਹੀ ਉਹਨਾਂ ਦੇ ਮੈਂਬਰਸ਼ਿਪ ਨੰਬਰ ਪ੍ਰਦਾਨ ਕਰਨੇ ਚਾਹੀਦੇ ਹਨ।
- ਜੇ ਤੁਸੀਂ ਵਕੀਲ ਬਦਲਦੇ ਹੋ, ਇਹ ਤੁਹਾਡੀ ਜ਼ਿੰਮੇਵਾਰੀ ਹੈ ਪੱਕਾ ਕਰਨ ਲਈ ਕਿ ਤੁਹਾਡਾ ਨਵਾਂ ਵਕੀਲ ਸਾਰੇ ਦਸਤਾਵੇਜ਼ ਪ੍ਰਾਪਤ ਕਰਦਾ ਹੈ ਤੁਹਾਡੇ ਦਾਵ੍ਹੇ ਦੀ ਪੁਸ਼ਟੀ ਕਰਨ ਲਈ। ਇਹਦੇ ਵਿਚ ਕਾਗਜ਼ਾਤ ਸ਼ਾਮਿਲ ਹਨ ਜਿਹੜੇ ਤੁਸੀਂ, RPD ਜਾਂ ਹੋਰ ਧਿਰ ਨੇ ਤੁਹਾਡੇ ਪਿਛਲੇ ਵਕੀਲ ਨੂੰ ਦਿੱਤੇ ਹੋਣ।

**ਤੁਹਾਡੀ ਪੇਸ਼ੀ ਦੀ ਤਾਰੀਖ਼ ਅਤੇ ਸਮਾਂ ਬਦਲਣ ਲਈ ਅਰਜ਼ੀ:** ਜੇ ਤੁਸੀਂ ਆਪਣੀ ਪੇਸ਼ੀ ਦੀ ਤਾਰੀਖ਼ ਜਾਂ ਸਮਾਂ ਬਦਲਨਾ ਚਾਹੁੰਦੇ ਹੋ, ਤੁਹਾਨੂੰ ਅਵੱਸ਼ ਤੁਰੰਤ ਲਿੱਖ ਕੇ ਅਰਜ਼ੀ ਦੇਣੀ ਚਾਹੀਦੀ ਹੈ।

- ਹੋਰ ਸੂਚਨਾ ਲਈ ਕਿਵੇਂ ਨਿਵੇਦਨ ਕਰਨਾ ਹੈ, *ਕਲੇਮੈਂਟਸ ਗਾਈਡ* ਵੇਖੋ ਅਤੇ *ਰੈਫ਼ਿਯੂਜੀ ਪ੍ਰੋਟੈਕਸ਼ਨ ਡਿਵੀਜ਼ਨ ਅਸੂਲਾਂ* ਦੇ ਸਿਧਾਂਤ 50 ਅਤੇ 54 ਵੇਖੋ।
- RPD ਨੂੰ ਤੁਹਾਡੀ ਅਰਜ਼ੀ ਘੱਟ ਤੋਂ ਘੱਟ ਪੇਸ਼ੀ ਦੀ ਪੱਕੀ ਕੀਤੀ ਤਾਰੀਖ਼ ਤੋਂ ਤਿੰਨ ਕੰਮ ਦੇ ਦਿਨਾਂ ਪਹਿਲਾਂ ਮਿਲਨੀ ਚਾਹੀਦੀ ਹੈ, ਜੇਕਰ ਤੁਸੀਂ ਡਾਕਟਰੀ ਕਾਰਨਾਂ ਜਾਂ ਇਮ੍ਰਜੈਂਸੀ ਕਰਕੇ ਅਰਜ਼ੀ ਦੇ ਰਹੇ ਹੋ ਇਹ ਹੋਰ ਗੱਲ ਹੈ।
- ਜੇਕਰ ਤੁਹਾਡਾ ਪੇਸ਼ੀ ਦੀ ਤਾਰੀਖ਼ ਬਦਲਣ ਦਾ ਕਾਰਨ ਚਿਕਿਤਸਾ ਸੰਬੰਧੀ ਹੈ, ਤੁਹਾਨੂੰ ਜ਼ਰੂਰ ਡਾਕਟਰ ਦਾ ਸਰਟੀਫ਼ਿਕੇਟ ਆਪਣੀ ਅਰਜ਼ੀ ਨਾਲ ਨੱਥੀ ਕਰਨਾ ਚਾਹੀਦਾ ਹੈ। *ਕਲੇਮੈਂਟਸ ਗਾਈਡ* ਤੁਹਾਨੂੰ ਦੱਸਦੀ ਹੈ ਕੀ ਸੂਚਨਾ ਮੈਡੀਕਲ ਸਰਟੀਫ਼ਿਕੇਟ ਤੇ ਹੋਣੀ ਚਾਹੀਦੀ ਹੈ।
- ਜੇ ਤੁਸੀਂ ਆਪਣੀ ਅਰਜ਼ੀ ਨਾਲ ਸਰਟੀਫ਼ਿਕੇਟ ਦੀ ਕਾਪੀ ਲਾਉਂਦੇ, ਤੁਹਾਨੂੰ ਜ਼ਰੂਰ ਅਸਲੀ ਛੇਤੀ ਤੋਂ ਛੇਤੀ RPD ਨੂੰ ਦੇਣੀ ਚਾਹੀਦੀ ਹੈ।
- RPD ਤੁਹਾਡੀ ਪੇਸ਼ੀ ਦੀ ਤਾਰੀਖ਼ ਅਤੇ ਸਮਾਂ ਬਦਲਣ ਲਈ ਕੇਵਲ ਉਦੋਂ ਸਹਿਮਤ ਹੋਵੇਗਾ ਜੇ ਅਸਾਧਾਰਨ ਹਾਲਾਤ ਹਨ। ਮਿਸਾਲ ਦੇ ਤੌਰ ਤੇ, ਇਹ ਸਹਿਮਤ ਹੋ ਸਕਦਾ ਹੈ ਜੇ ਤੁਸੀਂ ਦੁਰਬਲ ਵਿਅਕਤੀ ਹੋ ਜਿਹਨੂੰ ਨਿਵਾਸ ਦੀ ਲੋੜ ਹੈ, ਜੇ ਕੋਈ ਇਮ੍ਰਜੈਂਸੀ ਹੋਈ ਹੈ ਅਤੇ ਕੁਝ ਹੋ ਗਿਆ ਹੈ ਜਿਹੜਾ ਤੁਹਾਡੇ ਕਾਬੂ ਤੋਂ ਬਾਹਰ ਹੈ ਅਤੇ ਤੁਸੀਂ ਆਪਣੇ ਦਾਵ੍ਹੇ ਨੂੰ ਜਾਰੀ ਰੱਖਣ ਲਈ ਜੋ ਕੁਝ ਕਰ ਸਕਦੇ ਸੀ ਕੀਤਾ।
- **ਕੇਵਲ RPD ਤੁਹਾਡੀ ਪੇਸ਼ੀ ਦੀ ਤਾਰੀਖ਼ ਅਤੇ ਸਮਾਂ ਬਦਲ ਸਕਦਾ ਹੈ। ਜੇਕਰ RPD ਤੁਹਾਨੂੰ ਨਹੀਂ ਦੱਸਦਾ ਕਿ ਤੁਸੀਂ ਹੋਰ ਕੁਝ ਕਰੋ, ਤੁਹਾਨੂੰ ਜ਼ਰੂਰ ਆਪਣੀ ਪੇਸ਼ੀ ਤੇ ਉਸ ਤਾਰੀਖ਼ ਅਤੇ ਸਮੇਂ ਤੇ ਜਾਣਾ ਚਾਹੀਦਾ ਹੈ ਜਿਹੜਾ ਤੁਹਾਡੇ *ਹਾਜ਼ਰ ਹੋਣ ਦੀ ਇਤਲਾਹ* ਤੇ ਦਿਖਾਇਆ ਗਿਆ ਹੈ।**
- **ਜੇ ਤੁਸੀਂ ਆਪਣੀ ਪੇਸ਼ੀ ਤੇ ਨਹੀਂ ਜਾਂਦੇ, RPD ਤੁਹਾਡੇ ਮਾਮਲੇ ਨੂੰ ਤਿਆਗਿਆ ਘੋਸ਼ਿਤ ਕਰ ਸਕਦਾ ਹੈ।**

**ਆਪਣੀ ਪੇਸ਼ੀ ਦੀ ਥਾਂ ਬਦਲਣ ਲਈ ਅਰਜ਼ੀ:** ਜੇ ਤੁਸੀਂ ਆਪਣੀ ਪੇਸ਼ੀ ਦੀ ਥਾਂ ਬਦਲਨਾ ਚਾਹੁੰਦੇ ਹੋ, ਤੁਹਾਨੂੰ ਜ਼ਰੂਰ ਤੁਰੰਤ ਲਿਖਿਤ ਵਿਚ ਅਰਜ਼ੀ ਦੇਣੀ ਚਾਹੀਦੀ ਹੈ।

- ਹੋਰ ਸੂਚਨਾ ਲਈ ਕਿਵੇਂ ਅਰਜ਼ੀ ਦੇਣੀ ਹੈ *ਕਲੇਮੈਂਟਸ ਗਾਈਡ* ਵੇਖੋ ਅਤੇ *ਰੈਫ਼ਿਯੂਜੀ ਪ੍ਰੋਟੈਕਸ਼ਨ ਡਿਵੀਜ਼ਨ ਅਸੂਲਾਂ* ਦੇ ਸਿਧਾਂਤ 50 ਅਤੇ 53 ਵੇਖੋ।
- RPD ਨੂੰ ਤੁਹਾਡੀ ਅਰਜ਼ੀ ਪੇਸ਼ੀ ਦੀ ਮਿੱਥੀ ਤਾਰੀਖ਼ ਤੋਂ ਘੱਟ ਤੋਂ ਘੱਟ 20 ਦਿਨ ਤੋਂ ਪਹਿਲਾਂ ਮਿਲਨੀ ਚਾਹੀਦੀ ਹੈ।
- ਜੇ ਤੁਸੀਂ ਆਪਣੀ ਪੇਸ਼ੀ ਦੀ ਥਾਂ ਬਦਲਣ ਲਈ ਅਰਜ਼ੀ ਦਿੰਦੇ ਹੋ ਅਤੇ ਕੋਈ ਜਵਾਬ ਨਹੀਂ ਪਾਉਂਦੇ, ਤੁਹਾਨੂੰ ਜ਼ਰੂਰ ਉਸ ਥਾਂ ਤੇ ਜਾਣਾ ਚਾਹੀਦਾ ਹੈ ਜਿਹੜੀ *ਹਾਜ਼ਰ ਹੋਣ ਦੀ ਇਤਲਾਹ* ਤੇ ਹੈ ਅਤੇ ਪੇਸ਼ੀ ਲਈ ਤਿਆਰ ਰਹੋ।
- RPD ਕੇਵਲ ਤਾਂ ਹੀ ਤੁਹਾਡੀ ਪੇਸ਼ੀ ਦੀ ਥਾਂ ਬਦਲਣਗੇ ਜੇ ਇਹ ਪੂਰਨ ਤੌਰ ਤੇ ਉਚਿਤ ਹੈ ਉਹਨਾਂ ਅੰਨਸ਼ਾਂ ਨੂੰ ਧਿਆਨ ਵਿਚ ਰੱਖਦੇ ਹੋਏ ਜਿਹੜੇ *ਕਲੇਮੈਂਟਸ ਗਾਈਡ* ਦੇ ਸਿਧਾਂਤ 53 ਵਿਚ ਮਿਲਦੇ ਹਨ।

.../4

**ਪੇਸ਼ੀ ਦੀ ਭਾਸ਼ਾ:** ਤੁਹਾਡੀ *ਹਾਜ਼ਰ ਹੋਣ ਦੀ ਇਤਲਾਹ* ਕੈਨੇਡਾ ਦੀ ਸਰਕਾਰੀ ਭਾਸ਼ਾ (ਅੰਗ੍ਰੇਜ਼ੀ ਜਾਂ ਫ਼੍ਰਾਂਸੀਸੀ) ਵਿਚ ਲਿੱਖੀ ਗਈ ਹੈ ਜਿਹੜੀ ਤੁਸੀਂ ਆਪਣੀ ਪੇਸ਼ੀ ਲਈ ਚੁਣੀ ਹੈ।

- ਜੇ ਤੁਸੀਂ ਆਪਣੀ ਪੇਸ਼ੀ ਦੂਜੀ ਸਰਕਾਰੀ ਭਾਸ਼ਾ ਵਿਚ ਚਾਹੁੰਦੇ ਹੋ ਤੁਹਾਨੂੰ ਜ਼ਰੂਰ RPD ਨੂੰ ਲਿਖਤ ਵਿਚ ਦੱਸਣਾ ਚਾਹੀਦਾ ਹੈ।
- RPD ਨੂੰ ਤੁਹਾਡੀ ਇਤਲਾਹ ਪੇਸ਼ੀ ਤੋਂ 10 ਦਿਨ ਪਹਿਲਾਂ ਮਿਲਨੀ ਚਾਹੀਦੀ ਹੈ।

**ਭਾਸ਼ਾ ਦਾ ਅਨੁਵਾਦ:** ਜੇ ਤੁਸੀਂ ਆਪਣੇ ਚੁਣੇ ਅਨੁਵਾਦ ਦੀ ਭਾਸ਼ਾ ਜਾਂ ਉਪਭਾਸ਼ਾ ਬਦਲਣਾ ਚਾਹੁੰਦੇ ਹੋ ਜਦੋਂ ਤੁਹਾਡਾ ਮਾਮਲਾ RPD ਨੂੰ ਪ੍ਰਸਤੁਤ ਕੀਤਾ ਗਿਆ ਜਾਂ ਜ਼ਿਆਦਾ ਹੁਣੇ ਹੁਣੇ, ਤੁਹਾਡੇ *ਦਾਵ੍ਹੇ ਦੇ ਫ਼ਾਰਮ* ਦਾ *ਮੂਲ-ਆਧਾਰ* ਵਿਚ, ਤੁਹਾਨੂੰ ਜ਼ਰੂਰ RPD ਨੂੰ ਲਿਖਤ ਵਿਚ ਦੱਸਣਾ ਚਾਹੀਦਾ ਹੈ।

- ਨਵੀਂ ਭਾਸ਼ਾ ਜਾਂ ਉਪਭਾਸ਼ਾ ਸ਼ਾਮਿਲ ਕਰੋ ਜਿਹਦਾ ਤੁਸੀਂ ਤਰਜਮਾ ਚਾਹੁੰਦੇ ਹੋ।
- RPD ਨੂੰ ਤੁਹਾਡੀ ਇਤਲਾਹ ਤੁਹਾਡੀ ਪੇਸ਼ੀ ਤੋਂ ਘੱਟ ਤੋਂ ਘੱਟ 10 ਦਿਨ ਪਹਿਲਾਂ ਮਿਲਨੀ ਚਾਹੀਦੀ ਹੈ।

**ਸੰਜੀਦਾ ਪ੍ਰਤਿੱਗਿਆ ਜਾਂ ਸ਼ਪਥ:** ਤੁਹਾਡੀ ਪੇਸ਼ੀ ਦੇ ਸ਼ੁਰੂ ਵਿਚ ਤੁਹਾਨੂੰ ਸੰਜੀਦਾ ਪ੍ਰਤਿੱਗਿਆ ਕਰਨੀ ਪੈਣੀ ਹੈ ਜਿਹੜਾ ਇਕ ਵਾਅਦਾ ਹੈ ਸੱਚ ਬੋਲਣ ਲਈ ਅਤੇ ਤੁਹਾਨੂੰ ਪੁੱਛੇ ਗਏ ਸਵਾਲਾਂ ਦੇ ਸਭ ਤੋਂ ਵਧੀਆ ਜਵਾਬ ਜੋ ਤੁਸੀਂ ਦੇ ਸਕਦੇ ਹੋ। ਜੇ ਤੁਸੀਂ ਧਾਰਮਿਕ ਪੁਸਤਕ ਤੇ ਸ਼ਪਥ ਲੈਣੀ ਜ਼ਿਆਦਾ ਪਸੰਦ ਕਰਦੇ ਹੋ, ਤੁਹਾਨੂੰ ਪੇਸ਼ੀ ਤੇ ਧਾਰਮਿਕ ਪੁਸਤਕ ਆਪਣੇ ਨਾਲ ਲਿਆਉਣ ਦੀ ਜ਼ਰੂਰਤ ਪਵੇਗੀ।

**ਦੌਰੇ ਦੀ ਥਾਂ:** ਜੇ ਤੁਹਡੀ ਪੇਸ਼ੀ ਮੰਟ੍ਰੀਆਲ, ਕਿਊਬੈਕ; ਟੋਰਾਂਟੋ, ਓਂਟੈਰੀਉ; ਕੈਲਗਰੀ, ਅਲਬਰਟਾ ਜਾਂ ਵੈਨਕੂਵਰ, ਬਰਿਟਿਸ਼ ਕੋਲੰਬੀਆ ਦੇ ਇਲਾਵਾ ਕਿਸੀ ਹੋਰ ਥਾਂ ਤੇ ਸੁਣੀ ਜਾਂਦੀ ਹੈ, ਤੁਸੀਂ ਦੇਖੋਗੇ ਆਪਣੇ *ਹਾਜ਼ਰ ਹੋਣ ਦੀ ਇਤਲਾਹ* ਤੇ ਕਿ ਤੁਹਾਡੇ ਕੋਲ ਮੁਕੰਮਲ ਐਡਰਸ ਨਹੀਂ ਹੈ ਜੋ ਤੁਹਾਨੂੰ ਦੱਸਦਾ ਹੈ ਕਿ ਤੁਹਾਡੀ ਪੇਸ਼ੀ ਕਿੱਥੇ ਹੋਣੀ ਹੈ। ਤੁਹਾਨੂੰ ਇਦਾਂ ਦਾ ਸੁਨੇਹਾ ਮਿਲੇਗਾ:

Immigration and Refugee Board
**You are required to phone 1-8XX-XXX-XXXX**
within 5 days of receiving this notice
to confirm the address of your hearing.
[City], [Province]

Commission de l'immigration
et du statut de réfugié
**Vous devez composer le 1-8XX-XXX-XXXX**
Pour l'adresse exacte de votre audience
dans les 5 jours d'avoir reçu cet avis.
[Ville], [Province]

ਇਹ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਜ਼ਰੂਰ ਇੱਕ ਟੈਲੀਫ਼ੋਨ ਨੰਬਰ ਕਾਲ ਕਰਨਾ ਚਾਹੀਦਾ ਹੈ ਜਿਹੜਾ ਇਤਲਾਹ ਤੇ ਹੈ ਸਹੀ ਐਡਰਸ ਲੈਣ ਲਈ ਜਿੱਥੇ ਤੁਹਾਨੂੰ ਰੈਫ਼ਿਯੂਜੀ ਦਾਵ੍ਹੇ ਦੀ ਪੇਸ਼ੀ ਲਈ ਅਵੱਸ਼ ਜਾਣਾ ਹੈ ਅਤੇ ਵਿਸ਼ੇਸ਼ ਪੇਸ਼ੀਆਂ ਲਈ ਵੀ ਜਿਹੜੀਆਂ ਉੱਪਰ ਸਪਸ਼ਟ ਕੀਤੀਆਂ ਗਈਆਂ ਹਨ। ਜੇ ਤੁਹਾਨੂੰ ਰੈਫ਼ਿਯੂਜੀ ਦਫ਼ਤਰ ਨੂੰ ਲਿੱਖਣ ਦੀ ਲੋੜ ਹੈ ਜਿਹੜਾ ਤੁਹਾਡੇ ਰੈਫ਼ਿਯੂਜੀ ਦਾਵ੍ਹੇ ਨਾਲ ਵਿਹਾਰ ਕਰ ਰਿਹਾ ਹੈ, ਤੁਹਾਨੂੰ ਜ਼ਰੂਰ *ਹਾਜ਼ਰ ਹੋਣ ਦੀ ਇਤਲਾਹ* ਦੇ ਹੇਠਾਂ ਦਿੱਤੇ ਐਡਰਸ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸੰਮਿਲਿਤ ਕੀਤਾ *ਕਲੇਮੈਂਟਸ ਗਾਈਡ* ਦੇਖੋ ਜਾਂ RPD ਰੈਜਿਸਟ੍ਰੀ ਨਾਲ ਸੰਪਰਕ ਕਰੋ ਜਿੱਥੇ ਤੁਹਾਡਾ ਦਾਵ੍ਹਾ ਘੱਲਿਆ ਗਿਆ ਸੀ। ਵਿਦੇਸ਼ੀ ਭਾਸ਼ਾ ਤਰਜਮੇ ਕੇਵਲ ਸੂਚਨਾ ਦੇ ਉੱਦੇਸ਼ ਲਈ ਪ੍ਰਦਾਨ ਕੀਤੇ ਜਾਂਦੇ ਹਨ। ਅਸੰਮਤੀ ਦੀ ਸਥਿਤੀ ਵਿੱਚ ਅੰਗਰੇਜ਼ੀ ਅਤੇ ਫ੍ਰੈਂਚ ਭਾਸ਼ਾ ਨੂੰ ਮਾਨਤਾ ਦਿੱਤੀ ਜਾਵੇਗੀ।

## RPD ਰੈਜਿਸਟ੍ਰੀ ਆਫ਼ਿਸਿਜ਼

| ਪੂਰਬੀ ਖੇਤਰ | ਕੇਂਦਰੀ ਖੇਤਰ | ਪੱਛਮੀ ਖੇਤਰ | |
|---|---|---|---|
| ਮੰਟਰੀਆਲ<br>Guy-Favreau Complex<br>200 René-Lévesque Blvd. West<br>East Tower, Room 102<br>Montreal, Quebec H2Z 1X4<br>Telephone: 514-283-7733 or<br>1-866-626-8719<br>Fax: 514-283-0164 | ਟੋਰਾਂਟੋ<br>74 Victoria Street, Suite 400<br>Toronto, Ontario M5C 3C7<br>Telephone: 416-954-1000<br>Fax: 416-954-1165 | ਵੈਨਕੂਵਰ<br>300 West Georgia Street, Suite 1600<br>Vancouver, BC V6B 6C9<br>Telephone: 604-666-5946 or<br>1-866-787-7472<br>Fax: 604-666-3043 | ਕੈਲਗਰੀ<br>225 Manning Rd. NE, 2nd Floor<br>Calgary, Alberta T2E 2P5<br>Telephone: 403-292-6620 or<br>1-855-504-6764<br>Fax: 403-292-6131 |